# ਕੀੜੇਮਾਰ ਦਵਾਈਆਂ

## ਅਤੇ ਤੁਹਾਡੀ ਸਿਹਤ



# *ਕੀੜੇਮਾਰ ਦਵਾਈਆਂ ਕੀ ਹਨ?*

ਕੀੜੇਮਾਰ ਦਵਾਈਆਂ – ਜਿਸ ਵਿਚ ਪਤੰਗਿਆਂ ਨੂੰ ਮਾਰਨ ਵਾਲੀਆਂ ਦਵਾਈਆਂ (ਇਨਸੈਕਟੀਸਾਈਡਜ਼), ਜੜੀ ਬੂਟੀਆਂ ਮਾਰਨ ਵਾਲੀਆਂ ਦਵਾਈਆਂ (ਹਰਬੀਸਾਈਡਜ਼) ਅਤੇ ਵੱਖ ਵੱਖ ਕਿਸਮਾਂ ਦੇ ਕੀੜਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹੋਰ ਕੈਮੀਕਲ ਸ਼ਾਮਲ ਹਨ – ਦਾ ਮਕਸਦ "ਕੀੜਿਆਂ" ਨੂੰ ਮਾਰਨਾ ਜਾਂ ਦਬਾਉਣਾ ਹੁੰਦਾ ਹੈ। ਨਤੀਜੇ ਵਜੋਂ, ਇਨ੍ਹਾਂ ਵਿਚ ਅਕਸਰ ਜ਼ਹਿਰੀਲੇ ਕੈਮੀਕਲ ਹੁੰਦੇ ਹਨ ਜਿਨ੍ਹਾਂ ਵਿਚ ਜਾਨਵਰਾਂ ਜਾਂ ਬੂਟਿਆਂ ਨੂੰ ਮਾਰਨ ਜੋਗੀ ਤਾਕਤ ਹੁੰਦੀ ਹੈ। ਬਹੁਤੇ ਕੇਸਾਂ ਵਿਚ, ਇਹ ਕੈਮੀਕਲ ਮਨੁੱਖੀ ਸਿਹਤ 'ਤੇ ਵੀ ਅਸਰ ਪਾਉਣ ਵਾਲਿਆਂ ਵਜੋਂ ਜਾਣੇ ਜਾਂਦੇ ਹਨ ਜਾਂ ਇਨ੍ਹਾਂ ਦੇ ਅਸਰ ਦੀ ਸ਼ੱਕ ਕੀਤੀ ਜਾਂਦੀ ਹੈ।


ਇਹ ਕਿਤਾਬਚਾ – *ਕੀੜੇਮਾਰ ਦਵਾਈਆਂ ਅਤੇ ਤੁਹਾਡੀ ਸਿਹਤ* – ਦੱਸਦਾ ਹੈ ਕਿ ਕੀੜੇਮਾਰ ਦਵਾਈਆਂ ਕਿਵੇਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਉੱਪਰ ਅਸਰ ਪਾ ਸਕਦੀਆਂ ਹਨ। ਇਸ ਕਿਤਾਬਚੇ ਨੂੰ *ਫਾਰਮ 'ਤੇ ਕੀੜੇਮਾਰ ਦਵਾਈਆਂ* ਜਾਂ *ਤੁਹਾਡੇ ਘਰ ਵਿਚ ਕੀੜੇਮਾਰ ਦਵਾਈਆਂ* ਨਾਂ ਦੇ ਕਿਤਾਬਚਿਆਂ ਨਾਲ ਪੜ੍ਹੋ। *ਫਾਰਮ 'ਤੇ ਕੀੜੇਮਾਰ ਦਵਾਈਆਂ* ਨਾਂ ਦਾ ਕਿਤਾਬਚਾ ਇਹ ਦੱਸਦਾ ਹੈ ਕਿ ਕਿਵੇਂ ਫਾਰਮਰ ਅਤੇ ਫਾਰਮ ਵਰਕਰ ਆਪਣੀ ਸਿਹਤ ਨੂੰ ਕੀੜੇਮਾਰ ਦਵਾਈਆਂ ਤੋਂ ਬਚਾ ਸਕਦੇ ਹਨ। *ਤੁਹਾਡੇ ਘਰ ਵਿਚ ਕੀੜੇਮਾਰ ਦਵਾਈਆਂ* ਨਾਂ ਦਾ ਕਿਤਾਬਚਾ ਇਹ ਦੱਸਦਾ ਹੈ ਕਿ ਕਿਰਾਏਦਾਰ, ਜਿਨ੍ਹਾਂ ਦੇ ਮਕਾਨ-ਮਾਲਕ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਦੇ ਹਨ, ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਚਣ ਲਈ ਕੀ ਕਰ ਸਕਦੇ ਹਨ। ਇਹ ਕਿਤਾਬਚੇ, ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਚਣ ਲਈ ਕਨੂੰਨੀ ਜਾਣਕਾਰੀ ਅਤੇ ਅਮਲੀ ਸਲਾਹ ਦੋਨੋਂ ਪ੍ਰਦਾਨ ਕਰਦੇ ਹਨ।

# *ਤੁਹਾਡੀ ਸਿਹਤ ਨੂੰ ਖਤਰਾ?*

ਕੀ ਕੀੜੇਮਾਰ ਦਵਾਈਆਂ ਤੁਹਾਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ? ਕੁਝ ਜ਼ਰੂਰ ਪਹੁੰਚਾ ਸਕਦੀਆਂ ਹਨ; ਕੁਝ ਹੋਰ ਤਕਰੀਬਨ ਬਿਲਕੁਲ ਨਹੀਂ। ਬਹੁਤ ਸਾਰੀਆਂ ਕੀੜੇਮਾਰ ਦਵਾਈਆਂ ਵਿਚ ਅਜਿਹੇ ਕੈਮੀਕਲ ਹੁੰਦੇ ਹਨ ਜਿਹੜੇ ਲੰਮੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਦਾ ਕਾਰਨ ਬਣਨ ਵਾਲਿਆਂ ਵਜੋਂ ਜਾਣੇ ਜਾਂਦੇ ਹਨ ਜਾਂ ਉਨ੍ਹਾਂ 'ਤੇ ਸ਼ੱਕ ਕੀਤੀ ਜਾਂਦੀ ਹੈ, ਜਿਸ ਵਿਚ ਕੈਂਸਰ, ਜਣਨ-ਅੰਗਾਂ ਦੀਆਂ ਸਮੱਸਿਆਵਾਂ ਅਤੇ ਨਰਵਿਸ ਸਿਸਟਮ ਦੀਆਂ ਸਮੱਸਿਆਵਾਂ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਸ਼ਾਮਲ ਹਨ। ਅਜੇ ਵੀ ਬਹੁਤ ਕੁਝ ਅਜਿਹਾ ਹੈ ਜਿਹੜਾ ਅਸੀਂ ਬਹੁਤ ਸਾਰੀਆਂ ਕੀੜੇਮਾਰ ਦਵਾਈਆਂ ਬਾਰੇ ਨਹੀਂ ਜਾਣਦੇ, ਅਤੇ ਜੋ ਅਸੀਂ ਜਾਣਦੇ ਹਾਂ ਉਹ ਵੀ ਬਦਲਦਾ ਰਹਿੰਦਾ ਹੈ: ਉਦਾਹਰਣ ਲਈ, ਕੁਝ ਕੀੜੇਮਾਰ ਦਵਾਈਆਂ ਜਿਨ੍ਹਾਂ ਨੂੰ ਕਿਸੇ ਵੇਲੇ ਸੁਰੱਖਿਅਤ ਸਮਝਿਆ ਜਾਂਦਾ ਸੀ, ਉਨ੍ਹਾਂ ਦੇ ਸਿਹਤ 'ਤੇ ਪੈਣ ਵਾਲੇ ਅਸਰਾਂ ਕਾਰਨ ਹੁਣ ਪਾਬੰਦੀ ਲੱਗੀ ਹੋਈ ਹੈ। ਕੁਝ ਹੋਰ ਕੇਸਾਂ ਵਿਚ, ਜਿਹੜੀਆਂ ਕੀੜੇਮਾਰ ਦਵਾਈਆਂ ਆਪਣੇ ਆਪ ਵਿਚ ਭਾਵੇਂ ਕੁਝ ਨਹੀਂ ਵਿਗਾੜਦੀਆਂ, ਕਦੇ ਕਦੇ ਦੂਜੇ ਤੱਤਾਂ ਨਾਲ ਰਲ ਕੇ ਨੁਕਸਾਨ ਕਰਨ ਵਾਲੀਆਂ ਬਣ ਜਾਂਦੀਆਂ ਹਨ। ਇਹ ਵੀ ਸੰਭਵ ਹੈ ਕਿ ਅਲਰਜੀਆਂ ਵਾਲੇ ਲੋਕਾਂ ਨੂੰ, ਕਿਸੇ ਨੁਕਸਾਨ ਰਹਿਤ ਕਮਰਸ਼ੀਅਲ ਕੀੜੇਮਾਰ ਦਵਾਈ ਦੇ ਤੱਤਾਂ ਤੋਂ ਰੀਐਕਸ਼ਨ ਹੋ ਸਕਦਾ ਹੈ।

# *ਕੀੜੇਮਾਰ ਦਵਾਈਆਂ ਦੀ ਜ਼ਹਿਰ ਦੀਆਂ ਨਿਸ਼ਾਨੀਆਂ*

ਕੁਝ ਕੀੜੇਮਾਰ ਦਵਾਈਆਂ ਥੋੜ੍ਹੇ ਸਮੇਂ ਲਈ ਜਾਂ "ਤੇਜ਼" ਸਿਹਤ ਸਮੱਸਿਆਵਾਂ ਪੈਦਾ ਕਰ ਸਕਦੀਆਂ ਹਨ ਜੋ ਕਿ ਕੀੜੇਮਾਰ ਦਵਾਈ ਦਾ ਸੰਪਰਕ ਰੁਕਣ ਨਾਲ ਹਟ ਜਾਂਦੀਆਂ ਹਨ। ਇਨ੍ਹਾਂ ਵਿਚ ਚਮੜੀ 'ਤੇ ਧੱਫੜ ਜਾਂ ਚਿੱਤ ਕੱਚਾ ਹੋਣ ਵਰਗੀਆਂ ਹਲਕੀਆਂ ਸਮੱਸਿਆਵਾਂ ਸ਼ਾਮਲ ਹਨ, ਪਰ ਕੀੜੇਮਾਰ ਦਵਾਈਆਂ ਦੀ ਜ਼ਹਿਰ ਚੜ੍ਹਨ ਦੇ ਗੰਭੀਰ ਕੇਸਾਂ ਵਿਚ ਉਲਟੀਆਂ ਲੱਗ ਸਕਦੀਆਂ ਹਨ, ਬੇਹੋਸ਼ੀ ਹੋ ਸਕਦੀ ਹੈ ਜਾਂ ਮੌਤ ਵੀ ਹੋ ਸਕਦੀ ਹੈ। ਅੱਗੇ ਉਨ੍ਹਾਂ ਨਿਸ਼ਾਨੀਆਂ ਦੀ ਲਿਸਟ ਦਿੱਤੀ ਗਈ ਹੈ ਜਿਹੜੀਆਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਜਾਂ ਜ਼ਹਿਰ ਚੜ੍ਹਨ ਵਾਲੇ ਲੋਕਾਂ ਵਲੋਂ ਅਕਸਰ ਦੱਸੀਆਂ ਜਾਂਦੀਆਂ ਹਨ:



ਹਰ ਸਾਲ, 6,000 ਤੋਂ ਵੀ ਜ਼ਿਆਦਾ ਕੈਨੇਡੀਅਨ ਕੀੜੇਮਾਰ ਦਵਾਈਆਂ ਦੀ ਜ਼ਹਿਰ ਚੜ੍ਹਨ ਬਾਰੇ ਦੱਸਦੇ ਹਨ, ਭਾਵੇਂ ਕਿ ਮਾਹਰਾਂ ਦਾ ਕਹਿਣਾ ਹੈ ਕਿ ਅਸਲੀ ਅੰਕੜੇ ਸ਼ਾਇਦ ਕਿਤੇ ਜ਼ਿਆਦਾ ਹਨ।

ਫਿਰ ਵੀ, ਕੁਝ ਕੀੜੇਮਾਰ ਦਵਾਈਆਂ ਜ਼ਿਆਦਾ ਲੰਮਾ ਸਮਾਂ ਰਹਿਣ ਵਾਲੀਆਂ ਜਾਂ "ਪੱਕੀਆਂ" ਸਮੱਸਿਆਵਾਂ ਪੈਦਾ ਕਰ ਸਕਦੀਆਂ ਹਨ – ਖਾਸ ਕਰਕੇ ਉਦੋਂ ਜਦੋਂ ਕੋਈ ਵਿਅਕਤੀ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਵਾਰ ਵਾਰ ਆਉਂਦਾ ਹੈ। 2004 ਵਿਚ, *ਓਨਟੇਰੀਓ ਕਾਲਜ ਆਫ ਫੈਮਿਲੀ ਫਿਜ਼ੀਸ਼ੀਅਨਜ਼* ਨੇ ਉਨ੍ਹਾਂ ਸਾਰੇ ਅਧਿਐਨਾਂ ਉਪਰ ਵਿਚਾਰ ਕੀਤਾ ਜਿਹੜੇ ਸਾਇੰਸਦਾਨਾਂ ਨੇ ਕੀੜੇਮਾਰ ਦਵਾਈਆਂ ਦੇ ਸਿਹਤ ਉਪਰ ਪੈਣ ਵਾਲੇ ਅਸਰਾਂ ਬਾਰੇ ਕੀਤੇ ਸਨ। ਇਸ ਪੜਚੋਲ ਤੋਂ ਬਾਅਦ ਕਾਲਜ ਨੇ:

- ਇਹ "ਜ਼ੋਰਦਾਰ ਸਿਫਾਰਸ਼" ਕੀਤੀ ਕਿ ਲੋਕ ਜਿੰਨਾ ਵੀ ਸੰਭਵ ਹੋਵੇ, ਕੀੜੇਮਾਰ ਦਵਾਈਆਂ ਨਾਲ ਆਪਣਾ ਸੰਪਰਕ ਘੱਟ ਤੋਂ ਘੱਟ ਕਰਨ, ਅਤੇ ਇਹ ਗੱਲ ਨੋਟ ਕੀਤੀ ਕਿ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਦਾ ਅਤੇ "ਹੋਰ ਬੀਮਾਰੀਆਂ ਦੇ ਨਾਲ ਨਾਲ ਕੈਂਸਰ, ਜਣਨ-ਅੰਗਾਂ ਦੀਆਂ ਸਮੱਸਿਆਵਾਂ ਅਤੇ ਦਿਮਾਗੀ ਬੀਮਾਰੀਆਂ ਵਰਗੀਆਂ ਗੰਭੀਰ ਬੀਮਾਰੀਆਂ ਦਾ ਪੱਕਾ ਸਬੰਧ ਹੈ।"
- ਇਹ ਸਿੱਟਾ ਕੱਢਿਆ ਕਿ ਆਮ ਵਰਤੀਆਂ ਜਾਂਦੀਆਂ ਸਾਰੀਆਂ ਕੀੜੇਮਾਰ ਦਵਾਈਆਂ ਨਾਲ ਸਿਹਤ ਸਮੱਸਿਆਵਾਂ ਜੁੜੀਆਂ ਹੋਈਆਂ ਹਨ; ਵਿਗਿਆਨਕ ਲਿਖਤੀ ਜਾਣਕਾਰੀ ਇਹ ਨਹੀਂ ਕਹਿੰਦੀ ਕਿ ਇਨ੍ਹਾਂ ਵਿੱਚੋਂ ਕੁਝ ਕੀੜੇਮਾਰ ਦਵਾਈਆਂ ਬਾਕੀਆਂ ਨਾਲੋਂ "ਸੁਰੱਖਿਅਤ" ਹਨ।
- ਇਹ ਪਤਾ ਲਾਇਆ ਕਿ ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਕੀੜੇਮਾਰ ਦਵਾਈਆਂ ਤੋਂ ਨੁਕਸਾਨ ਹੋਣ ਦਾ ਜ਼ਿਆਦਾ ਖਤਰਾ ਹੈ।
- ਇਹ ਸਿਫਾਰਸ਼ ਕੀਤੀ ਕਿ ਵੱਖ ਵੱਖ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦੀ ਪਛਾਣ ਕਰਨ ਵੇਲੇ ਅਤੇ ਮਰੀਜ਼ਾਂ ਨੂੰ ਸਲਾਹ ਦੇਣ ਵੇਲੇ ਡਾਕਟਰ ਕੀੜੇਮਾਰ ਦਵਾਈਆਂ ਬਾਰੇ ਵਿਚਾਰ ਕਰਨ।

## *ਗਰਭਵਤੀ ਔਰਤਾਂ*



ਗਰਭਵਤੀ ਹੋਣ ਦੌਰਾਨ ਔਰਤ ਦਾ ਸਰੀਰ ਖਾਸ ਹਾਰਮੋਨ ਪੈਦਾ ਕਰਦਾ ਹੈ ਜਿਨ੍ਹਾਂ ਵਿਚ ਕੀੜੇਮਾਰ ਦਵਾਈਆਂ ਸੌਖਿਆਂ ਹੀ ਵਿਘਨ ਪਾ ਸਕਦੀਆਂ ਹਨ। ਇਸ ਦੇ ਇਲਾਵਾ, ਮਾਂ ਦੇ ਪੇਟ ਵਿਚ ਵੱਡੇ ਹੋ ਰਹੇ ਬੱਚੇ 'ਤੇ ਕੈਮੀਕਲਾਂ ਦੇ ਅਸਰ ਪੈ ਸਕਦੇ ਹਨ। ਗਰਭ ਦੌਰਾਨ ਕੀੜੇਮਾਰ ਦਵਾਈਆਂ ਨਾਲ ਸੰਪਰਕ, ਜਮਾਂਦਰੂ ਨੁਕਸਾਂ ਅਤੇ ਗਰਭਪਾਤਾਂ ਨਾਲ ਜੋੜਿਆ ਗਿਆ ਹੈ।

# ਸਭ ਤੋਂ ਜ਼ਿਆਦਾ ਅਸਰ ਕਿਸ ’ਤੇ ਹੁੰਦਾ ਹੈ?

ਹਰ ਇਕ ਨੂੰ ਕੀੜੇਮਾਰ ਦਵਾਈਆਂ ਨਾਲ ਆਪਣਾ ਸੰਪਰਕ ਘਟਾਉਣਾ ਚਾਹੀਦਾ ਹੈ, ਪਰ ਲੋਕਾਂ ਦੇ ਕੁਝ ਗਰੁੱਪ ਦੂਜਿਆਂ ਨਾਲੋਂ ਨੁਕਸਾਨ ਦੀ ਜ਼ੱਦ ਵਿਚ ਜ਼ਿਆਦਾ ਆਉਣ ਵਾਲੇ ਹਨ। ਇਨ੍ਹਾਂ ਸ਼੍ਰੇਣੀਆਂ ਵਿੱਚੋਂ ਕਿਸੇ ਸ਼੍ਰੇਣੀ ਵਿਚ ਆਉਣ ਵਾਲੇ ਲੋਕਾਂ ਨੂੰ ਕੀੜੇਮਾਰ ਦਵਾਈਆਂ ਨਾਲ ਆਪਣੇ ਸੰਪਰਕ ਨੂੰ ਘਟਾਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਬੱਚੇ

ਛੋਟੇ ਬੱਚਿਆਂ ਨੂੰ ਸਭ ਤੋਂ ਜ਼ਿਆਦਾ ਖਤਰਾ ਹੈ। ਉਹ ਦਵਾਈ ਛਿੜਕੀਆਂ ਥਾਂਵਾਂ ਵਿਚ ਖੇਡ ਸਕਦੇ ਹਨ, ਅਤੇ ਫਿਰ ਆਪਣੇ ਹੱਥ ਆਪਣੇ ਮੂੰਹਾਂ ਵਿਚ ਪਾ ਸਕਦੇ ਹਨ। ਉਨ੍ਹਾਂ ਦੇ ਸਰੀਰਾਂ ਦੇ ਛੋਟੇ ਅਕਾਰਾਂ, ਵਧ ਰਹੇ ਸਰੀਰਾਂ ਅਤੇ ਵਿਕਸਿਤ ਹੋ ਰਹੇ ਨਰਵਿਸ ਸਿਸਟਮਾਂ ਦਾ ਮਤਲਬ ਇਹ ਹੈ ਕਿ ਉਨ੍ਹਾਂ ’ਤੇ ਕੀੜੇਮਾਰ ਦਵਾਈਆਂ ਦਾ ਅਸਰ ਹੋਣ ਦੀਆਂ ਜ਼ਿਆਦਾ ਸੰਭਾਵਨਾ ਹੈ। ਬਚਪਨ ਵਿਚ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਨੂੰ, ਵਤੀਰੇ ਨਾਲ ਸੰਬੰਧਿਤ ਸਮੱਸਿਆਵਾਂ, ਬਚਪਨ ਵਿਚ ਹੋਣ ਵਾਲੀਆਂ ਕੈਂਸਰਾਂ ਅਤੇ ਕਈ ਹੋਰ ਸਿਹਤ ਸਮੱਸਿਆਵਾਂ ਨਾਲ ਜੋੜਿਆ ਗਿਆ ਹੈ।





## ਬੀਮਾਰ ਅਤੇ ਬਜ਼ੁਰਗ

ਮਨੁੱਖੀ ਸਰੀਰ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਦਾ ਸਿਸਟਮ) ਸਰੀਰ ਵਿਚ ਦਾਖਲ ਹੋਣ ਵਾਲੇ ਕੈਮੀਕਲਾਂ ਨਾਲ ਸਿੱਝਣ ਵਿਚ ਮਦਦ ਕਰਦਾ ਹੈ। ਬੀਮਾਰ, ਜਾਂ ਬਜ਼ੁਰਗ ਲੋਕਾਂ ਦੇ ਸਰੀਰਾਂ ਨੂੰ ਆਪਣੇ ਸਰੀਰਾਂ ਵਿੱਚੋਂ ਕੀੜੇਮਾਰ ਦਵਾਈਆਂ ਕੱਢਣ ਵਿਚ ਜ਼ਿਆਦਾ ਮੁਸ਼ਕਲ ਆ ਸਕਦੀ ਹੈ।

## ਵਾਤਾਵਰਣ ’ਤੇ ਅਸਰ

ਕੀੜੇਮਾਰ ਦਵਾਈਆਂ ਦਾ ਅਕਸਰ ਕੁਦਰਤੀ ਦੁਨੀਆ ’ਤੇ ਇਕ ਵੱਡਾ ਅਸਰ ਪੈਂਦਾ ਹੈ। ਸਾਰਾ ਜੀਵਨ ਕਿਉਂਕਿ ਇਕ ਦੂਜੇ ਨਾਲ ਜੁੜਿਆ ਹੋਇਆ ਹੈ, ਕਿਸੇ ਇਕ "ਕੀੜੇ" ਦੀ ਨਸਲ ਨੂੰ ਵੀ ਖਤਮ ਕਰਨ ਦਾ ਵਾਤਾਵਰਣ ’ਤੇ ਅਸਰ ਪੈ ਸਕਦਾ ਹੈ (ਇਸ ਦਾ ਸ਼ਿਕਾਰ ਕਰਨ ਵਾਲਿਆਂ ਜਾਂ ਇਸ ਦਾ ਸ਼ਿਕਾਰ ਹੋਣ ਵਾਲਿਆਂ ’ਤੇ ਅਸਰ ਕਰਕੇ ਅਤੇ ਈਕੋਸਿਸਟਮ ਦੇ ਕਾਰਜਾਂ ਵਿਚ ਵਿਘਨ ਪਾ ਕੇ)। ਅਤੇ ਬਹੁਤ ਸਾਰੀਆਂ ਕੀੜੇਮਾਰ ਦਵਾਈਆਂ ਇਕ ਨਾਲੋਂ ਜ਼ਿਆਦਾ ਕਿਸਮਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਭਾਵੇਂ ਕੋਈ ਕੀੜੇਮਾਰ ਦਵਾਈ ਮਨੁੱਖਾਂ ਨੂੰ ਨੁਕਸਾਨ ਨਾ ਵੀ ਪਹੁੰਚਾਏ, ਇਹ ਮੱਛੀਆਂ, ਤਿਤਲੀਆਂ, ਸ਼ਹਿਦ ਦੀਆਂ ਮੱਖੀਆਂ, ਹੋਰ ਪਤੰਗਿਆਂ, ਜਲ-ਥਲੀਏ ਜੀਵਾਂ ਅਤੇ ਪੰਛੀਆਂ ਨੂੰ ਮਾਰ ਸਕਦੀ ਹੈ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।


## ਕੀ ਸਰਕਾਰ ਮੇਰੀ ਹਿਫਾਜ਼ਤ ਨਹੀਂ ਕਰਦੀ?

ਬਹੁਤ ਸਾਰੇ ਲੋਕ ਇਹ ਮਿੱਥ ਲੈਂਦੇ ਹਨ ਕਿ ਕੀੜੇਮਾਰ ਦਵਾਈਆਂ ਸੁਰੱਖਿਅਤ ਹਨ ਕਿਉਂਕਿ ਸਰਕਾਰ ਇਨ੍ਹਾਂ ਦੀ ਕੈਨੇਡਾ ਵਿਚ ਵਰਤੋਂ ਲਈ ਮਨਜ਼ੂਰੀ ਦਿੰਦੀ ਹੈ। ਸਰਕਾਰ, ਕੀੜੇਮਾਰ ਦਵਾਈਆਂ ਨੂੰ ਕੈਨੇਡਾ ਵਿਚ ਵਰਤੋਂ ਲਈ ਮਨਜ਼ੂਰੀ ਦੇਣ ਤੋਂ ਪਹਿਲਾਂ, ਕੀੜੇਮਾਰ ਦਵਾਈਆਂ ਤਿਆਰ ਕਰਨ ਵਾਲੀਆਂ ਕੰਪਨੀਆਂ ਨੂੰ ਕਹਿੰਦੀ ਹੈ ਕਿ ਉਹ ਸਿਹਤ ਅਤੇ ਵਾਤਾਵਰਣ ’ਤੇ ਪੈਣ ਵਾਲੇ ਅਸਰਾਂ ਬਾਰੇ ਟੈੱਸਟ ਕਰਨ। ਪਰ ਇਹ ਟੈੱਸਟ ਸੁਰੱਖਿਆ (ਸੇਫਟੀ) ਦੀ ਗਰੰਟੀ ਨਹੀਂ ਦਿੰਦੇ – ਕੈਨੇਡੀਅਨ ਕੀੜੇਮਾਰ ਦਵਾਈਆਂ ਵਿਚ ਵਰਤੇ ਜਾ ਰਹੇ 50 ਨਾਲੋਂ ਜ਼ਿਆਦਾ ਕੈਮੀਕਲ, ਜੋ ਕਿ 1000 ਨਾਲੋਂ ਜ਼ਿਆਦਾ ਕੀੜੇਮਾਰ ਦਵਾਈਆਂ ਵਿਚ ਵਰਤੇ ਜਾ ਰਹੇ ਹਨ, ਸਿਹਤ ਅਤੇ ਵਾਤਾਵਰਣ ’ਤੇ ਪੈਣ ਵਾਲੇ ਅਸਰਾਂ ਕਾਰਨ ਦੂਜੇ ਦੇਸ਼ਾਂ ਵਿਚ ਪਾਬੰਦੀਸ਼ੁਦਾ ਹਨ।

ਦੋ ਕਾਰਨਾਂ ਕਰਕੇ ਸਰਕਾਰੀ ਟੈੱਸਟ ਇਹ ਗਰੰਟੀ ਨਹੀਂ ਦਿੰਦੇ ਕਿ ਕੀੜੇਮਾਰ ਦਵਾਈਆਂ ਸੁਰੱਖਿਅਤ ਹਨ। ਪਹਿਲਾ ਇਹ ਹੈ ਕਿ ਕਨੂੰਨ ਕੈਨੇਡੀਅਨ ਸਰਕਾਰ ਤੋਂ ਇਹ ਮੰਗ ਨਹੀਂ ਕਰਦਾ ਕਿ ਉਹ ਇਹ ਤਸਦੀਕ ਕਰੇ ਕਿ ਕੋਈ ਕੀੜੇਮਾਰ ਦਵਾਈ ਸੁਰੱਖਿਅਤ ਹੈ, ਪਰ ਇਹ ਮੰਗ ਹੀ ਕਰਦਾ ਹੈ ਕਿ ਕੀ ਕਿਸੇ ਕੀੜੇਮਾਰ ਦਵਾਈ ਦੇ ਖਤਰੇ ਮਨੁੱਖੀ ਸਿਹਤ (ਅਤੇ ਵਾਤਾਵਰਣ) ਲਈ "ਪ੍ਰਵਾਨਯੋਗ" ਹਨ। ਸ਼ਾਇਦ ਇਸ ਕਾਰਨ ਕਰਕੇ ਹੀ, ਕੀੜੇਮਾਰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਲਈ ਇਹ ਦਾਅਵਾ ਕਰਨਾ ਗੈਰਕਨੂੰਨੀ ਹੈ ਕਿ ਕਿਸੇ ਕੀੜੇਮਾਰ ਦਵਾਈ ਨੂੰ ਸਰਕਾਰ ਦੀ ਮਨਜ਼ੂਰੀ ਦਾ ਮਤਲਬ ਹੈ ਕਿ ਇਹ ਸੁਰੱਖਿਅਤ ਹੈ।

ਇਹ ਫੈਸਲਾ ਕਰਨ ਲਈ ਕਿ ਕਿਹੜੇ ਖਤਰੇ ਪ੍ਰਵਾਨਯੋਗ ਹਨ, ਸਰਕਾਰ ਸਿਰਫ ਕਿਸੇ ਕੀੜੇਮਾਰ ਦਵਾਈ ਦੀ ਸੁਰੱਖਿਆ ਬਾਰੇ ਵਿਚਾਰ ਹੀ ਨਹੀਂ ਕਰਦੀ, ਸਗੋਂ ਇਸ ਦੇ ਮੰਤਵ, ਮੌਜੂਦ ਬਦਲਾਂ, ਅਤੇ ਇਸ ਚੀਜ਼ ’ਤੇ ਵੀ ਵਿਚਾਰ ਕਰਦੀ ਹੈ ਕਿ ਕੀ ਹੋਰ ਉਪਾਅ ਖਤਰੇ ਘਟਾ ਸਕਦੇ ਹਨ (ਜਿਵੇਂ ਕਿ ਸੁਰੱਖਿਆ ਲਈ ਸਾਜ਼-ਸਮਾਨ ਜਾਂ ਇਸ ਚੀਜ਼ ਬਾਰੇ ਨਿਯਮ ਕਿ ਕੀੜੇਮਾਰ ਦਵਾਈ ਕਿਵੇਂ ਵਰਤੀ ਜਾਣੀ ਚਾਹੀਦੀ ਹੈ)। ਕੁਝ ਕੇਸਾਂ ਵਿਚ, ਇਹ ਤਰਕ ਸਿਰਫ ਆਰਥਿਕ ਹਨ। 2005 ਵਿਚ, ਸਰਕਾਰ ਨੇ ਇਨਸੈਕਟੀਸਾਈਡ ਅਜ਼ੀਨਫੌਸ-ਮੈਥਾਇਲ ਦੀ ਬਹੁਤੀ ਵਰਤੋਂ ’ਤੇ "ਵਰਕਰਾਂ ਨੂੰ ਖਤਰਿਆਂ" ਕਾਰਨ ਪਾਬੰਦੀ ਲਾ ਦਿੱਤੀ। ਪਰ, ਫਾਰਮਰ ਇਸ ਕੀੜੇਮਾਰ ਦਵਾਈ ਨੂੰ ਸਾਲ 2012 ਦੇ ਅੰਤ ਤੱਕ ਫਲ਼ਾਂ ਦੇ ਦਰਖਤਾਂ ਉਪਰ ਵਰਤਣਾ ਜਾਰੀ ਰੱਖ ਸਕਦੇ ਹਨ ਕਿਉਂਕਿ ਉਸ ਇੰਡਸਟਰੀ ਲਈ ਬਦਲ ਲੱਭਣ ਵਿਚ ਮੁਸ਼ਕਲ ਆ ਰਹੀ ਹੈ।

ਕੈਨੇਡਾ ਵਿਚ ਵਰਤੋਂ ਲਈ ਰਜਿਸਟਰ ਹੋਈ ਹਰ ਕੀੜੇਮਾਰ ਦਵਾਈ ਉੱਪਰ ਸਰਕਾਰ ਤੋਂ ਮਨਜ਼ੂਰਸ਼ੁਦਾ ਦਾ ਲੇਬਲ ਲੱਗਾ ਹੁੰਦਾ ਹੈ ਜਿਹੜਾ ਕਿ ਇਹ ਦੱਸਦਾ ਹੈ ਕਿ ਕੀੜੇਮਾਰ ਦਵਾਈ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਲੇਬਲਾਂ ਵਿੱਚੋਂ ਕੁਝ ’ਤੇ ਵਿਚਾਰ ਕਰਨ ’ਤੇ ਛੇਤੀ ਨਾਲ ਹੀ ਕੋਈ ਵੀ ਇਹ ਭਰਮ ਦੂਰ ਹੋ ਜਾਂਦਾ ਹੈ ਕਿ ਇਹ ਵਸਤਾਂ “ਸੁਰੱਖਿਅਤ” ਹਨ। ਘਰਾਂ ਵਿਚ ਵਰਤੀ ਜਾਂਦੀ ਇਕ ਆਮ ਪਤੰਗਾ-ਮਾਰ ਦਵਾਈ ਚਿਤਾਵਨੀ ਦਿੰਦੀ ਹੈ: “ਜੇ ਅੰਦਰ ਨਿਗਲੀ ਜਾਵੇ ਜਾਂ ਚਮੜੀ ਰਾਹੀਂ ਜਜ਼ਬ ਹੋ ਜਾਵੇ ਤਾਂ ਨੁਕਸਾਨਦੇਹ ਹੈ। ਇਸ ਦੀ ਹਵਾੜ ਨੂੰ ਸਾਹ ਰਾਹੀਂ ਅੰਦਰ ਲਿਜਾਣ ਤੋਂ ਪਰਹੇਜ਼ ਕਰੋ। ਚਮੜੀ ਨਾਲ ਲੱਗਣ ਤੋਂ ਬਚਾਉ। ਸੰਪਰਕ ਵਿਚ ਆਉਣ ਦੀ ਸੂਰਤ ਵਿਚ, ਫੌਰਨ ਚਮੜੀ ਨੂੰ ਬਹੁਤ ਸਾਰੇ ਪਾਣੀ ਨਾਲ ਧੋਵੋ…”



ਕਮਰਸ਼ੀਅਲ ਜਾਂ ਖੇਤੀਬਾੜੀ ਵਿਚ ਵਰਤੀਆਂ ਜਾਂਦੀਆਂ ਵਸਤਾਂ ਉੱਪਰ ਅਕਸਰ ਜ਼ਿਆਦਾ ਗੰਭੀਰ ਚਿਤਾਵਨੀਆਂ ਲਿਖੀਆਂ ਹੁੰਦੀਆਂ ਹਨ। ਬੀ.ਸੀ. ਵਿਚ ਰਸਬੇਰੀ ਦੇ ਬੂਟਿਆਂ ਉੱਪਰ ਆਮ ਵਰਤੀ ਜਾਂਦੀ ਪਤੰਗਾ-ਮਾਰ ਦਵਾਈ ਇਹ ਚਿਤਾਵਨੀ ਦਿੰਦੀ ਹੈ, “ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਜ਼ਹਿਰ… ਬੇਹੋਸ਼ੀ, ਕੰਟਰੋਲ ਨਾ ਕਰ ਹੋਣਾ, ਕੜਵੱਲ ਪੈਣੇ ਅਤੇ ਸਾਹ ਘੁੱਟਣ ਦੇ ਨਾਲ ਨਾਲ ਦਿਲ ’ਤੇ ਅਸਰ ਨੂੰ ਵਧਾ ਸਕਦੀ ਹੈ।”

ਦੂਜਾ ਕਾਰਨ ਜਿਸ ਕਰਕੇ ਸਰਕਾਰ ਵਲੋਂ ਕੀੜੇਮਾਰ ਦਵਾਈਆਂ ਦੇ ਟੈੱਸਟ ਇਹ ਯਕੀਨੀ ਨਹੀਂ ਬਣਾਉਂਦੇ ਕਿ ਕੀੜੇਮਾਰ ਦਵਾਈਆਂ ਸੁਰੱਖਿਅਤ ਹਨ, ਉਨ੍ਹਾਂ ਸਾਰੇ ਵੱਖ ਵੱਖ ਤਰੀਕਿਆਂ ਨੂੰ ਟੈੱਸਟ ਕਰਨ ਦੀ ਔਖਿਆਈ ਹੈ ਜਿਨ੍ਹਾਂ ਕਰਕੇ ਕੋਈ ਕੀੜੇਮਾਰ ਦਵਾਈ ਮਨੁੱਖਾਂ ਲਈ ਨੁਕਸਾਨਦੇਹ ਹੋ ਸਕਦੀ ਹੈ। ਲੰਮੇ-ਸਮੇਂ ਦੇ ਜਾਂ ਘੱਟ ਪ੍ਰਤੱਖ ਖਤਰੇ, ਜਿਵੇਂ ਕਿ ਕੈਂਸਰ, ਹਾਰਮੋਨ ਸਿਸਟਮਾਂ ਵਿਚ ਵਿਘਨ, ਨਰਵਿਸ ਸਿਸਟਮ ਵਿਚ ਦਖਲਅੰਦਾਜ਼ੀ, ਅਤੇ ਜਣਨ-ਅੰਗਾਂ ਦੀਆਂ ਸਮੱਸਿਆਵਾਂ ਨੂੰ ਟੈੱਸਟ ਕਰਨਾ ਔਖਾ ਹੈ। ਸਰਕਾਰ, ਇਹ ਫੈਸਲਾ ਕਰਨ ਲਈ ਕੈਂਸਰ ਦੇ ਖਤਰਿਆਂ ਦਾ ਅਨੁਮਾਨ ਲਾਉਂਦੀ ਹੈ ਕਿ ਕੀ ਕਿਸੇ ਕੀੜੇਮਾਰ ਦਵਾਈ ਨੂੰ ਪ੍ਰਵਾਨਗੀ ਦੇਣੀ ਹੈ ਜਾਂ ਨਹੀਂ, ਪਰ ਉਹ ਲੰਮੇ-ਸਮੇਂ ਦੇ ਬਹੁਤ ਸਾਰੇ ਅਸਰਾਂ ਲਈ ਟੈੱਸਟ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰਦੀ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਕਈ ਸਾਲ ਬਾਅਦ ਵੀ ਦਿਖਾਈ ਨਹੀਂ ਦਿੰਦੀਆਂ, ਅਤੇ ਫਿਰ ਇਹ ਦੱਸਣਾ ਅਸੰਭਵ ਹੋ ਸਕਦਾ ਹੈ ਕਿ ਕੀ ਇਸ ਦਾ ਕਾਰਨ ਕੀੜੇਮਾਰ ਦਵਾਈ ਸੀ ਜਾਂ ਨਹੀਂ।

ਇਸ ਚੀਜ਼ ਵਿਚ ਸੁਧਾਰ ਹੋਏ ਹਨ ਕਿ ਸਰਕਾਰ ਕਿਵੇਂ ਕੀੜੇਮਾਰ ਦਵਾਈਆਂ ਦੇ ਸਿਹਤ ’ਤੇ ਅਸਰਾਂ ਦਾ ਪਤਾ ਲਾਵੇ। ਪਰ, ਖਤਰੇ ਅਜੇ ਵੀ ਮੌਜੂਦ ਹਨ। ਆਪਣਾ ਖਤਰਾ ਘਟਾਉਣ ਦਾ ਇੱਕੋ ਇਕ ਤਰੀਕਾ ਕੀੜੇਮਾਰ ਦਵਾਈਆਂ ਦੀ ਆਪਣੀ ਵਰਤੋਂ ਘਟਾਉਣਾ ਅਤੇ ਇਨ੍ਹਾਂ ਦੇ ਸੰਪਰਕ ਵਿਚ ਆਉਣ ਨੂੰ ਘਟਾਉਣਾ ਹੈ।

# *ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਨੂੰ ਘਟਾਉਣ ਲਈ ਆਮ ਨਿਯਮ*

ਤਕਰੀਬਨ ਸਾਡੇ ਸਾਰਿਆਂ ਦੇ ਸਰੀਰਾਂ ਵਿਚ ਇਕ ਜਾਂ ਜ਼ਿਆਦਾ ਕੀੜੇਮਾਰ ਦਵਾਈਆਂ ਦੀ ਰਹਿੰਦ-ਖੂੰਹਦ ਮੌਜੂਦ ਹੈ। ਇਕ ਅਜਿਹੇ ਸਮਾਜ ਵਿਚ ਜਿਹੜਾ ਕੀੜੇਮਾਰ ਦਵਾਈਆਂ ਦੀ ਵਰਤੋਂ ਵੱਡੇ ਪੱਧਰ 'ਤੇ ਕਰਦਾ ਹੈ, ਬਿਲਕੁਲ ਹੀ ਇਨ੍ਹਾਂ ਦੇ ਸੰਪਰਕ ਵਿਚ ਆਉਣ ਤੋਂ ਬਚਣਾ ਅਸੰਭਵ ਹੈ, ਭਾਵੇਂ ਕਿ ਕੁਝ ਮੁਢਲੀਆਂ ਸਾਵਧਾਨੀਆਂ ਨਾਲ ਇਨ੍ਹਾਂ ਦੀ ਮਾਤਰਾ ਘਟਾਈ ਜਾ ਸਕਦੀ ਹੈ।

ਦੋ ਹੋਰ ਸਹਾਇਕ ਕਿਤਾਬਚੇ (*ਫਾਰਮ 'ਤੇ ਕੀੜੇਮਾਰ ਦਵਾਈਆਂ* ਅਤੇ *ਕੀੜੇਮਾਰ ਦਵਾਈਆਂ ਅਤੇ ਤੁਹਾਡਾ ਘਰ*) ਫਾਰਮ ਵਰਕਰਾਂ ਅਤੇ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਦਾ ਸਾਹਮਣਾ ਕਰਨ ਵਾਲੇ ਕਿਰਾਏਦਾਰਾਂ ਨੂੰ ਖਾਸ ਸਲਾਹ ਦਿੰਦਾ ਹੈ। ਫਿਰ ਵੀ, ਸੁਰੱਖਿਆ ਬਾਰੇ ਕੁਝ ਆਮ ਸਲਾਹ ਇਹ ਹੈ:

1. ***ਕੀੜੇਮਾਰ ਦਵਾਈਆਂ ਦੀ ਵਰਤੋਂ ਨਾ ਕਰੋ*** – ਆਪਣੇ ਘਰ ਵਿਚ ਅਤੇ ਘਰ ਦੇ ਆਲੇ-ਦੁਆਲੇ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ। ਕਈ ਹੋਰ ਚੋਣਾਂ ਵੀ ਹਨ ਜਿਨ੍ਹਾਂ ਦੇ ਸਿਹਤ ਨੂੰ ਕੀੜੇਮਾਰ ਦਵਾਈਆਂ ਵਾਲੇ ਖਤਰੇ ਨਹੀਂ ਹਨ। ਜ਼ਿਆਦਾ ਜਾਣਕਾਰੀ ਲਈ *http://www.pesticide.org/factsheets.html#alternatives* ਵੈੱਬਸਾਈਟ 'ਤੇ ਜਾਉ।
2. ***ਖਾਣਿਆਂ ਨੂੰ ਧੋਵੋ ਅਤੇ ਔਰਗੈਨਿਕ ਖਾਣੇ ਖਰੀਦੋ*** – ਲੋਕ ਜਿਨ੍ਹਾਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਂਦੇ ਹਨ ਉਨ੍ਹਾਂ ਵਿੱਚੋਂ ਬਹੁਤੀਆਂ ਖਾਣਿਆਂ ਤੋਂ ਆਉਂਦੀਆਂ ਹਨ। ਜੇ ਤੁਸੀਂ ਕਰ ਸਕਦੇ ਹੋਵੋ ਤਾਂ ਔਰਗੈਨਿਕ ਖਾਣੇ ਖਰੀਦਣ ਬਾਰੇ ਵਿਚਾਰ ਕਰੋ। ਜੇ ਤੁਸੀਂ ਨਾ ਕਰ ਸਕਦੇ ਹੋਵੋ ਤਾਂ ਇਨ੍ਹਾਂ ਨੂੰ ਖਾਣ ਜਾਂ ਬਣਾਉਣ ਤੋਂ ਪਹਿਲਾਂ ਧੋਵੋ।
3. ***ਸਵਾਲ ਪੁੱਛੋ*** – ਜੇ ਤੁਹਾਡੇ ਆਲੇ-ਦੁਆਲੇ ਕੀੜੇਮਾਰ ਦਵਾਈਆਂ ਵਰਤੀਆਂ ਜਾ ਰਹੀਆਂ ਹਨ ਤਾਂ ਛਿੜਕਾਅ ਕਰਨ ਵਾਲੇ ਵਿਅਕਤੀ ਤੋਂ ਪੁੱਛੋ ਕਿ ਕਿਹੜੀ ਦਵਾਈ ਛਿੜਕੀ ਜਾ ਰਹੀ ਹੈ। ਕੀੜੇਮਾਰ ਦਵਾਈਆਂ ਦੇ ਲੇਬਲ ਦੀ ਕਾਪੀ ਮੰਗੋ। ਫਿਰ ਇਹ ਪਤਾ ਲਾਉਣ ਲਈ pesticideinfo.org ਵੈੱਬਸਾਈਟ 'ਤੇ ਜਾਉ ਕਿ ਇਸ ਦੇ ਕੀ ਖਤਰੇ ਹਨ।
4. ***ਗੁਆਂਢੀਆਂ, ਸਕੂਲਾਂ, ਸਥਾਨਕ ਸਰਕਾਰਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ ਵਾਲੇ ਹੋਰ ਲੋਕਾਂ ਨੂੰ ਇਨ੍ਹਾਂ ਦੀ ਵਰਤੋਂ ਬੰਦ ਕਰਨ ਲਈ ਉਤਸ਼ਾਹ ਦਿਉ*** – ਜਾਂ ਘੱਟੋ-ਘੱਟ, ਵਰਤੀਆਂ ਜਾ ਰਹੀਆਂ ਕੀੜੇਮਾਰ ਦਵਾਈਆਂ ਦੀ ਮਾਤਰਾ ਹੀ ਘਟਾਉਣ ਲਈ ਕਹੋ।
5. ***ਉਨ੍ਹਾਂ ਥਾਂਵਾਂ ਤੋਂ ਪਰ੍ਹਾਂ ਰਹੋ ਜਿੱਥੇ ਹੁਣੇ ਹੁਣੇ ਕੀੜੇਮਾਰ ਦਵਾਈਆਂ ਛਿੜਕਾਈਆਂ ਗਈਆਂ ਹਨ।*** ਉਹ ਨਿਸ਼ਾਨੀਆਂ ਨੋਟ ਕਰੋ ਜਿਹੜੀਆਂ ਇਹ ਸੰਕੇਤ ਦਿੰਦੀਆਂ ਹਨ ਕਿ ਕੀੜੇਮਾਰ ਦਵਾਈਆਂ ਵਰਤੀਆਂ ਗਈਆਂ ਹਨ, ਅਤੇ ਇਸ ਚੀਜ਼ ਬਾਰੇ ਪੁੱਛੋ ਕਿ ਕੀ ਕੀੜੇਮਾਰ ਦਵਾਈਆਂ ਪਾਰਕਾਂ ਜਾਂ ਪਬਲਿਕ ਥਾਂਵਾਂ 'ਤੇ ਵਰਤੀਆਂ ਗਈਆਂ ਹਨ।
6. ***ਜੇ ਤੁਸੀਂ ਕੀੜੇਮਾਰ ਦਵਾਈਆਂ ਦੇ ਦੁਆਲੇ ਹੁੰਦੇ ਹੋ ਤਾਂ ਇਹ ਪਤਾ ਲਾਉ ਕਿ ਤੁਹਾਨੂੰ ਸੁਰੱਖਿਆ ਲਈ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।*** ਇਹ ਪੱਕਾ ਕਰੋ ਕਿ ਕੀੜੇਮਾਰ ਦਵਾਈਆਂ ਸੁਰੱਖਿਅਤ ਤਰੀਕੇ ਨਾਲ ਸਾਂਭੀਆਂ ਜਾਣ ਅਤੇ ਇਹ ਸੁਰੱਖਿਆ ਦੀਆਂ ਸ਼ਰਤਾਂ ਮੁਤਾਬਕ ਹੀ ਵਰਤੀਆਂ ਜਾਣ।
7. ***ਆਪਣੇ ਚੁਣੇ ਹੋਏ ਅਧਿਕਾਰੀਆਂ ਨੂੰ ਕਹੋ ਕਿ ਉਹ ਅਜਿਹੇ ਕਨੂੰਨ ਬਣਾਉਣ ਜਿਹੜੇ ਕੀੜੇਮਾਰ ਦਵਾਈਆਂ ਦੀ ਵਰਤੋਂ ਨੂੰ ਸੀਮਤ ਕਰਨ।*** ਕੀੜੇਮਾਰ ਦਵਾਈਆਂ ਸਬੰਧੀ ਨਿਯਮ ਬਣਾਉਣ ਵਿਚ ਸਰਕਾਰ ਦੇ ਸਾਰੇ ਪੱਧਰਾਂ ਨੂੰ ਆਪਣਾ ਰੋਲ ਨਿਭਾਉਣ ਦੀ ਲੋੜ ਹੈ।

# ਐਮਰਜੰਸੀ ਵਿਚ ਕੀ ਕਰਨਾ ਹੈ?

ਕਿਸੇ ਕੀੜੇਮਾਰ ਦਵਾਈ ਦੇ ਸਿੱਧਾ ਸੰਪਰਕ ਵਿਚ ਆਉਣ ਵਾਲੇ ਲੋਕਾਂ ਵਿਚ ਜ਼ਹਿਰ ਚੜ੍ਹਨ ਦੀਆਂ ਨਿਸ਼ਾਨੀਆਂ ਦਿਖਾਈ ਦੇ ਸਕਦੀਆਂ ਹਨ। ਜੇ ਅਜਿਹਾ ਹੁੰਦਾ ਹੈ ਤਾਂ ਫੌਰਨ:

- ਪੋਆਇਜ਼ਨ (ਜ਼ਹਿਰ) ਕੰਟਰੋਲ ਸੈਂਟਰ ਨੂੰ ਫੌਰਨ ਲੋਅਰ ਮੇਨਲੈਂਡ ਵਿਚ 604-682-5050 'ਤੇ ਜਾਂ ਬੀ.ਸੀ. ਦੇ ਬਾਕੀ ਇਲਾਕਿਆਂ ਤੋਂ 1-800-567-8911 'ਤੇ ਫੋਨ ਕਰੋ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਕਿਹੜੀ ਦਵਾਈ ਦੇ ਸੰਪਰਕ ਵਿਚ ਆਏ ਹੋ।

- ਕੀੜੇਮਾਰ ਦਵਾਈ ਦਾ ਲੇਬਲ ਪੜ੍ਹੋ। ਇਹ ਤੁਹਾਨੂੰ ਕੀੜੇਮਾਰ ਦਵਾਈ ਦੀ ਜ਼ਹਿਰ ਦੀਆਂ ਨਿਸ਼ਾਨੀਆਂ ਦੱਸੇਗਾ ਅਤੇ ਇਹ ਦੱਸੇਗਾ ਕਿ ਜ਼ਹਿਰ ਨਾਲ ਕਿਵੇਂ ਵਰਤਣਾ ਹੈ।

- ਜੇ ਲੇਬਲ ਅਜਿਹਾ ਕਰਨ ਲਈ ਕਹਿੰਦਾ ਹੋਵੇ ਜਾਂ ਜੇ ਪੋਆਇਜ਼ਨ ਕੰਟਰੋਲ ਜਾਂ ਡਾਕਟਰ ਸਲਾਹ ਦੇਵੇ ਤਾਂ ਬਹੁਤ ਲੂਣ ਵਾਲੇ ਜਾਂ ਸਾਬਣ ਵਾਲੇ ਪਾਣੀ ਦਾ ਗਿਲਾਸ ਪੀ ਕੇ ਉਲਟੀਆਂ ਸ਼ੁਰੂ ਕਰੋ। ਜੇ ਲੇਬਲ ਜਾਂ ਡਾਕਟਰੀ ਮਾਹਰ ਅਜਿਹਾ ਕਰਨ ਨੂੰ ਸੁਰੱਖਿਅਤ ਨਹੀਂ ਸਮਝਦਾ ਤਾਂ ਉਲਟੀਆਂ ਸ਼ੁਰੂ ਨਾ ਕਰੋ (ਕੁਝ ਕੀੜੇਮਾਰ ਦਵਾਈਆਂ ਸੰਘ ਨੂੰ ਉਪਰ ਆਉਂਦੀਆਂ ਸਾੜਾ ਲਾਉਣਗੀਆਂ, ਜਿਸ ਨਾਲ ਜ਼ਿਆਦਾ ਨੁਕਸਾਨ ਹੋ ਸਕਦਾ ਹੈ)।

- ਜੇ ਕੀੜੇਮਾਰ ਦਵਾਈਆਂ ਤੁਹਾਡੇ ਕੱਪੜਿਆਂ ਜਾਂ ਚਮੜੀ ਉੱਪਰ ਡੁੱਲ੍ਹ ਜਾਂਦੀਆਂ ਹਨ ਤਾਂ ਫੌਰਨ ਉਨ੍ਹਾਂ ਕੱਪੜਿਆਂ ਨੂੰ ਲਾਹ ਦਿਉ ਅਤੇ ਆਪਣੀ ਚਮੜੀ ਤੋਂ ਕੀੜੇਮਾਰ ਦਵਾਈ ਨੂੰ ਸਾਬਣ ਅਤੇ ਠੰਢੇ ਪਾਣੀ ਨਾਲ ਧੋ ਦਿਉ। ਜੇ ਕੀੜੇਮਾਰ ਦਵਾਈ ਤੁਹਾਡੀਆਂ ਅੱਖਾਂ ਵਿਚ ਪੈ ਜਾਵੇ ਤਾਂ ਉਨ੍ਹਾਂ ਨੂੰ 15 ਮਿੰਟਾਂ ਲਈ ਸਾਫ ਪਾਣੀ ਨਾਲ ਧੋਵੋ।



- ਜੇ ਤੁਸੀਂ ਕੀੜੇਮਾਰ ਦਵਾਈ ਦੇ ਛਰਾਟੇ, ਧੂੜ ਜਾਂ ਹਵਾੜ ਵਿਚ ਸਾਹ ਲੈ ਰਹੇ ਹੋਵੋ (ਹੋ ਸਕਦਾ ਇਸ ਦਾ ਮੁਸ਼ਕ ਨਾ ਆਵੇ – ਤੁਹਾਨੂੰ ਅੰਦਾਜ਼ਾ ਲਾਉਣਾ ਪੈ ਸਕਦਾ ਹੈ), ਤਾਂ ਫੌਰਨ ਉਸ ਥਾਂ ਤੋਂ ਪਰ੍ਹਾਂ ਹੋ ਜਾਵੋ, ਖਾਸ ਕਰਕੇ ਜਦੋਂ ਤੁਸੀਂ ਕਿਸੇ ਬੰਦ ਥਾਂ 'ਤੇ ਹੋਵੋ। ਕੁਝ ਤਾਜ਼ੀ ਹਵਾ ਲਵੋ ਅਤੇ ਆਪਣੇ ਕੱਪੜੇ ਢਿੱਲੇ ਕਰੋ।

- ਜੇ ਤੁਹਾਨੂੰ ਅਜਿਹੇ ਲੱਛਣ ਮਹਿਸੂਸ ਹੋਣੇ ਸ਼ੁਰੂ ਹੋਣ ਜਿਹੜੇ ਕੀੜੇਮਾਰ ਦਵਾਈਆਂ ਨਾਲ ਸੰਬੰਧਿਤ ਹੋ ਸਕਦੇ ਹਨ – ਭਾਵੇਂ ਇਹ ਥੋੜ੍ਹੇ ਜਿਹੇ ਧੱਫੜ ਜਾਂ ਛਿੱਕਾਂ ਹੀ ਹੋਣ – ਤਾਂ ਫੌਰਨ ਕੀੜੇਮਾਰ ਦਵਾਈਆਂ ਦੇ ਸ੍ਰੋਤ ਤੋਂ ਦੂਰ ਹੋ ਜਾਵੋ।

- ਜੇ ਕੀੜੇਮਾਰ ਦਵਾਈ ਮੂੰਹ ਵਿਚ ਜਾਣ ਜਾਂ ਇਨ੍ਹਾਂ ਵਿਚ ਸਾਹ ਲੈਣ ਦੇ ਨਤੀਜੇ ਵਜੋਂ ਕੋਈ ਬੇਹੋਸ਼ ਹੋ ਜਾਵੇ ਤਾਂ ਇਹ ਚੈੱਕ ਕਰੋ ਕਿ ਕੀ ਉਸ ਨੂੰ ਸਾਹ ਆ ਰਿਹਾ ਹੈ। ਜੇ ਸਾਹ ਨਾ ਆ ਰਿਹਾ ਹੋਵੇ ਤਾਂ ਪੌਕਟ ਮਾਸਕ ਦੀ ਵਰਤੋਂ ਨਾਲ, ਜਾਂ ਕਿਸੇ ਮੋਟੇ ਕੱਪੜੇ ਜਾਂ ਪਲਾਸਟਿਕ ਦੇ ਟੁਕੜੇ ਨਾਲ ਜਿਸ ਵਿਚ ਮੋਰੀ ਕੀਤੀ ਹੋਵੇ, ਮੂੰਹ ਰਾਹੀਂ ਮੂੰਹ ਨੂੰ ਸਾਹ ਦੇਵੋ ਤਾਂ ਜੋ ਕੀੜੇਮਾਰ ਦਵਾਈ ਤੁਹਾਡੇ ਮੂੰਹ ਵਿਚ ਨਾ ਆ ਜਾਵੇ। ਛੇਤੀ ਤੋਂ ਛੇਤੀ ਡਾਕਟਰੀ ਮਦਦ ਲਵੋ।

- ਧੱਫੜ ਨਿਕਲਣ ਅਤੇ ਹੋਰ ਹਲਕੇ ਪੱਧਰ ਦੀਆਂ ਸਮੱਸਿਆਵਾਂ ਵਾਲੇ ਕੇਸਾਂ ਵਿਚ, ਜਾਂ ਮੁੜ ਕੇ ਹੋਣ ਵਾਲੀਆਂ ਸਮੱਸਿਆਵਾਂ ਵਿਚ, ਆਪਣੇ ਡਾਕਟਰ ਕੋਲ ਜਾਉ; ਆਪਣੇ ਸੰਪਰਕ ਵਿਚ ਆਉਣ ਬਾਰੇ ਜਾਣਕਾਰੀ ਨਾਲ ਲੈ ਕੇ ਜਾਉ, ਜਿਸ ਵਿਚ ਕੀੜੇਮਾਰ ਦਵਾਈ ਦਾ ਲੇਬਲ ਜਾਂ ਕੀੜੇਮਾਰ ਦਵਾਈ ਦਾ ਨਾਂ ਅਤੇ ਫੈਡਰਲ ਰਜਿਸਟਰੇਸ਼ਨ ਨੰਬਰ ਸ਼ਾਮਲ ਹਨ। ਭਾਵੇਂ ਤੁਹਾਡਾ ਡਾਕਟਰ ਤੁਹਾਡੇ ਵਿਚ ਦਿਖਾਈ ਦਿੰਦੀਆਂ ਨਿਸ਼ਾਨੀਆਂ ਦਾ ਇਲਾਜ ਹੀ ਕਰ ਸਕੇ, ਆਪਣੇ ਡਾਕਟਰ ਨੂੰ ਆਖੋ ਕਿ ਉਹ ਆਪਣੇ ਰਿਕਾਰਡ ਵਿਚ ਕੀੜੇਮਾਰ ਦਵਾਈ ਨਾਲ ਸੰਪਰਕ ਬਾਰੇ ਲਿਖ ਲਵੇ। ਵੱਖ ਵੱਖ ਡਾਕਟਰਾਂ ਦਾ, ਕੀੜੇਮਾਰ ਦਵਾਈਆਂ ਦੇ ਸਿਹਤ 'ਤੇ ਅਸਰਾਂ ਬਾਰੇ ਗਿਆਨ ਦਾ ਪੱਧਰ ਵੱਖਰਾ ਵੱਖਰਾ ਹੁੰਦਾ ਹੈ, ਅਤੇ ਜੇ ਕੰਮ 'ਤੇ ਤੁਸੀਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਅਕਸਰ ਆਉਂਦੇ ਹੋ ਤਾਂ ਹੋ ਸਕਦਾ ਤੁਸੀਂ ਅਜਿਹਾ ਡਾਕਟਰ ਲੱਭਣਾ ਚਾਹੋ ਜੋ ਦਵਾਈਆਂ ਦੇ ਅਸਰਾਂ ਬਾਰੇ ਜਾਣਦਾ ਹੋਵੇ।



- ਬਹੁਤ ਸਾਰਾ ਤਰਲ ਪੀਉ ਜੇ ਕੀੜੇਮਾਰ ਦਵਾਈ ਦਾ ਲੇਬਲ ਜਾਂ ਪੋਆਇਜ਼ਨ ਕੰਟਰੋਲ ਸੈਂਟਰ ਅਜਿਹਾ ਕਰਨ ਤੋਂ ਮਨ੍ਹਾਂ ਨਹੀਂ ਕਰਦਾ, ਅਤੇ ਆਪਣੇ ਸਰੀਰ ਦੇ ਸੰਪਰਕ ਵਿਚ ਆਏ ਅੰਗਾਂ ਨੂੰ ਧੋਵੋ;

- ਕੀੜੇਮਾਰ ਦਵਾਈ ਦੀ ਰਹਿੰਦ-ਖੂੰਹਦ ਨੂੰ ਸਾਫ ਕਰ ਦਿਉ। ਸੰਪਰਕ ਵਿਚ ਆਏ ਕੱਪੜਿਆਂ ਨੂੰ ਲਾਹ ਦਿਉ ਅਤੇ ਧੋਵੋ (ਇਨ੍ਹਾਂ ਨੂੰ ਬਾਕੀ ਕੱਪੜਿਆਂ ਨਾਲੋਂ ਵੱਖਰਾ ਧੋਵੋ), ਉਨ੍ਹਾਂ ਫਰਸ਼ਾਂ ਜਾਂ ਕਾਊਂਟਰਾਂ 'ਤੇ ਵੈਕਿਊਮ ਫੇਰੋ ਜਾਂ ਪੋਚਾ ਲਾਉ ਜੋ ਸੰਪਰਕ ਵਿਚ ਆਏ ਹਨ। ਅਸਰ ਹੇਠ ਆਈਆਂ ਖਾਣ ਵਾਲੀਆਂ ਜਾਂ ਖਾਣਾ ਤਿਆਰ ਕਰਨ ਵਾਲੀਆਂ ਥਾਂਵਾਂ ਨੂੰ ਸਾਫ ਕਰਨਾ ਖਾਸ ਕਰਕੇ ਜ਼ਰੂਰੀ ਹੈ।

# *ਕਿਸੇ ਕੀੜੇਮਾਰ ਦਵਾਈ ਬਾਰੇ ਪਤਾ ਲਾਉਣਾ*



ਜੇ ਤੁਸੀਂ ਕਿਸੇ ਖਾਸ ਕੀੜੇਮਾਰ ਦਵਾਈ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਉਸ ਕੀੜੇਮਾਰ ਦਵਾਈ ਬਾਰੇ ਅਤੇ ਉਸ ਦੇ ਸਿਹਤ ਨੂੰ ਖਤਰਿਆਂ ਬਾਰੇ ਪਤਾ ਲਾਉਣਾ ਜ਼ਰੂਰੀ ਹੈ। ਜੇ ਤੁਸੀਂ ਆਪਣੇ ਕੰਮ ਜਾਂ ਆਪਣੇ ਘਰ ਵਿਚ ਵਰਤੋਂ ਨਾਲ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਕੀੜੇਮਾਰ ਦਵਾਈਆਂ ਬਾਰੇ ਪਤਾ ਲਾਉਣਾ ਸੰਭਵ ਹੋਣਾ ਚਾਹੀਦਾ ਹੈ। ਖਾਣਿਆਂ, ਸਥਾਨਕ ਸਕੂਲਾਂ ਜਾਂ ਪਾਰਕਾਂ ਜਾਂ ਹੋਰ ਤਰੀਕਿਆਂ ਰਾਹੀਂ ਕੀੜੇਮਾਰ ਦਵਾਈ ਦੇ ਸੰਪਰਕ ਵਿਚ ਆਉਣ ਦਾ ਪਤਾ ਲਾਉਣਾ ਜ਼ਿਆਦਾ ਔਖਾ ਹੋ ਸਕਦਾ ਹੈ।

ਜੇ ਤੁਹਾਨੂੰ ਇਹ ਪਤਾ ਹੋਵੇ ਕਿ ਤੁਹਾਡਾ ਕਿਹੜੀ ਕੀੜੇਮਾਰ ਦਵਾਈ ਨਾਲ ਵਾਹ ਪਿਆ ਹੈ ਤਾਂ ਜਾਣਕਾਰੀ ਦੇ ਕਈ ਫਾਇਦੇਮੰਦ ਸ੍ਰੋਤ ਹਨ:

- ***Pesticideinfo.org*** – ਇਨਵਾਰਨਮੈਂਟਲ ਗਰੁੱਪ ਪੈਸਟੀਸਾਈਡ ਐਕਸ਼ਨ ਨੈੱਟਵਰਕ, ਇੰਟਰਨੈੱਟ ’ਤੇ ਇਕ ਡੈਟਾਬੇਸ ਰੱਖਦਾ ਹੈ ਜਿਸ ਵਿਚ ਬਹੁਤੀਆਂ ਕੀੜੇਮਾਰ ਦਵਾਈਆਂ ਦੇ ਜ਼ਹਿਰੀਲੇਪਣ ਬਾਰੇ ਵਿਆਪਕ ਜਾਣਕਾਰੀ ਹੈ। ਇਸ ਜਾਣਕਾਰੀ ਦਾ ਆਧਾਰ ਅਮਰੀਕਾ ਹੈ ਅਤੇ ਇਹ ਕੈਨੇਡਾ ਵਿਚ ਮਨਜ਼ੂਰਸ਼ੁਦਾ ਕੀੜੇਮਾਰ ਦਵਾਈਆਂ ਨਾਲੋਂ ਥੋੜ੍ਹੀ ਜਿਹੀ ਵੱਖਰੀ ਹੋ ਸਕਦੀ ਹੈ। ਇਸ ਤਰ੍ਹਾਂ ਦਾ ਹੀ ਇਕ ਹੋਰ ਸ੍ਰੋਤ – ਜੋ ਕਿ ਕੀੜੇਮਾਰ ਦਵਾਈਆਂ ਤੱਕ ਹੀ ਸੀਮਤ ਨਹੀਂ ਹੈ – ਇਸ ਵੈੱਬਸਾਈਟ ’ਤੇ ਉਪਲਬਧ ਹੈ: *http://www.scorecard.org*

- ***ਕੀੜੇਮਾਰ ਦਵਾਈਆਂ ਦੇ ਲੇਬਲ*** – ਹਰ ਉਸ ਕੀੜੇਮਾਰ ਦਵਾਈ ਉਪਰ, ਜਿਹੜੀ ਕੈਨੇਡਾ ਵਿਚ ਕਨੂੰਨੀ ਤੌਰ ’ਤੇ ਵਰਤੀ ਜਾ ਸਕਦੀ ਹੋਵੇ, ਕੈਨੇਡਾ ਸਰਕਾਰ ਦੀ ਮਨਜ਼ੂਰੀ ਵਾਲਾ ਇਕ ਲੇਬਲ ਲੱਗਿਆ ਹੋਇਆ ਹੁੰਦਾ ਹੈ। ਇਹ ਲੇਬਲ ਕੀੜੇਮਾਰ ਦਵਾਈ ਦੇ ਫੌਰੀ ਖਤਰਿਆਂ, ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਦੇ ਡਾਕਟਰੀ ਇਲਾਜ ਅਤੇ ਸੁਰੱਖਿਆ ਦੀਆਂ ਉਨ੍ਹਾਂ ਲੋੜਾਂ ਬਾਰੇ ਜਾਣਕਾਰੀ ਦਿੰਦਾ ਹੈ ਜਿਨ੍ਹਾਂ ਦੀ ਪਾਲਣਾ ਇਨ੍ਹਾਂ ਦੀ ਵਰਤੋਂ ਵੇਲੇ ਕੀਤੀ ਜਾਣੀ ਚਾਹੀਦੀ ਹੈ। ਲੇਬਲ ਆਮ ਤੌਰ ’ਤੇ ਸਿਰਫ ਅੰਗਰੇਜ਼ੀ ਅਤੇ ਫਰੈਂਚ ਵਿਚ ਹੀ ਹਨ; ਜੇ ਤੁਸੀਂ ਇਹ ਜ਼ਬਾਨਾਂ ਨਹੀਂ ਪੜ੍ਹ ਸਕਦੇ ਤਾਂ ਲੇਬਲਾਂ ਨੂੰ ਸਮਝਣ ਵਿਚ ਕਿਸੇ ਦੀ ਮਦਦ ਲਵੋ। ਕੋਈ ਵੀ ਕੀੜੇਮਾਰ ਦਵਾਈ ਲੇਬਲ ਦੀ ਇਕ ਕਾਪੀ ਨਾਲ ਆਉਣੀ ਚਾਹੀਦੀ ਹੈ, ਪਰ ਇਹ ਲੇਬਲ *http://tinyurl.com/6fjb2b* ਵੈੱਬਸਾਈਟ ’ਤੇ ਵੀ ਮੌਜੂਦ ਹਨ। ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ ਵਾਲਾ ਕੋਈ ਵਿਅਕਤੀ ਜੇ ਲੇਬਲ ’ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨ ਵਿਚ ਫੇਲ੍ਹ ਹੁੰਦਾ ਹੈ ਤਾਂ ਤੁਸੀਂ ਪਿਸਟ ਮੈਨੇਜਮੈਂਟ ਰੈਗੂਲੇਟਰੀ ਏਜੰਸੀ ਨੂੰ 1-800-267-6315 ’ਤੇ ਫੋਨ ਕਰ ਸਕਦੇ ਹੋ ਜਾਂ *pmra_infoserv@hc-sc.gc.ca* ’ਤੇ ਉਨ੍ਹਾਂ ਦੇ ਵੈੱਬਸਾਈਟ ’ਤੇ ਜਾਓ।

- ***ਮਟੀਰੀਅਲ ਸੇਫਟੀ ਡੈਟਾ ਸ਼ੀਟਸ*** – ਜੇ ਤੁਸੀਂ ਆਪਣੇ ਕੰਮ ਦੇ ਮਾਹੌਲ ਰਾਹੀਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਤੁਸੀਂ ਆਪਣੇ ਕੰਮ–ਮਾਲਕ (ਇਮਪਲੌਇਅਰ) ਤੋਂ ਇਕ ਐੱਮ ਐੱਸ ਡੀ ਐੱਸ ਸ਼ੀਟ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਦਸਤਾਵੇਜ਼ ਲੈਣ ਦੇ ਸਮਰੱਥ ਹੋਣੇ ਚਾਹੀਦੇ ਹੋ। ਇਸ ਦਸਤਾਵੇਜ਼ ਵਿਚ, ਕੀੜੇਮਾਰ ਦਵਾਈ ਦੇ ਸਿਹਤ ਨੂੰ ਜਾਣੇ–ਪਛਾਣੇ ਖਤਰਿਆਂ ਬਾਰੇ ਕੋਈ ਵੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

# *ਜ਼ਿਆਦਾ ਜਾਣਕਾਰੀ ਲਈ*

ਇਨ੍ਹਾਂ ਕਿਤਾਬਚਿਆਂ ਦਾ ਮਕਸਦ, ਇਹ ਅਮਲੀ ਸੁਝਾਅ ਦੇਣਾ ਹੈ ਕਿ ਕੀੜੇਮਾਰ ਦਵਾਈਆਂ ਨਾਲ ਆਪਣੇ ਸੰਪਰਕ ਨੂੰ ਕਿਵੇਂ ਘੱਟ ਤੋਂ ਘੱਟ ਕਰਨਾ ਹੈ ਅਤੇ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਚਣ ਲਈ ਤੁਹਾਡੇ ਕਨੂੰਨੀ ਹੱਕਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਕੀੜੇਮਾਰ ਦਵਾਈਆਂ ਨੂੰ ਕਿਵੇਂ ਨਿਯਮਾਂ ਹੇਠ ਲਿਆਇਆ ਜਾਂਦਾ ਹੈ, ਵੈੱਸਟ ਕੋਸਟ ਇਨਵਾਰਨਮੈਂਟਲ ਲਾਅ ਦੀ ਸਿਟੀਜ਼ਨ'ਜ਼ ਗਾਈਡ ਟੂ ਪੈਸਟੀਸਾਈਡ ਯੂਜ਼ ਐਂਡ ਦਾ ਲਾਅ ਇਨ ਬੀ ਸੀ ਪੜ੍ਹੋ ਜੋ ਕਿ *http://www.wcel.org/wcelpub/2007/14256.pdf* ਵੈੱਬਸਾਈਟ 'ਤੇ ਮੁਫਤ ਮੌਜੂਦ ਹੈ।

ਇਸ ਕਿਤਾਬਚੇ ਵਿਚਲੀ ਜਾਣਕਾਰੀ ਕਈ ਵਸੀਲਿਆਂ ਤੋਂ ਮਿਲਣ ਵਾਲੀ ਜਾਣਕਾਰੀ 'ਤੇ ਆਧਾਰਿਤ ਹੈ। ਵਿਆਖਿਆ ਕਰਦਾ ਇਕ ਹੋਰ ਰੂਪ, ਮੁਢਲੇ ਸ੍ਰੋਤਾਂ ਸਮੇਤ, http://wcel.org/pesticides ਉੱਪਰ ਵੈੱਸਟ ਕੋਸਟ ਇਨਵਾਰਨਮੈਂਟਲ ਲਾਅ ਦੇ ਵੈੱਬਸਾਈਟ 'ਤੇ ਮੌਜੂਦ ਹੈ। ਇਹ ਕਿਤਾਬਚਾ ਸਤੰਬਰ 2008 ਤੱਕ ਦੇ ਕਨੂੰਨ ਬਾਰੇ ਜਾਣਕਾਰੀ ਦਿੰਦਾ ਹੈ। ਇਹ ਕੋਈ ਕਨੂੰਨੀ ਸਲਾਹ ਨਹੀਂ ਹੈ, ਅਤੇ ਜੇ ਤੁਹਾਡੀ ਕੋਈ ਖਾਸ ਕਨੂੰਨੀ ਸਮੱਸਿਆ ਹੋਵੇ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਸੰਪਰਕ ਕਰੋ।

ਵੈੱਸਟ ਕੋਸਟ ਇਨਵਾਰਨਮੈਂਟਲ ਲਾਅ
200 - 2006 West 10th Ave
Vancouver BC V6J 2B3
ਫੋਨ (604) 684 - 7378
ਫੈਕਸ (604) 684 - 1312
ਈ–ਮੇਲ admin@wcel.org